# ਵਿਧਾਨ ਸਭਾ ਦੇ ਮੈਂਬਰ



LEGISLATIVE ASSEMBLY
*of* BRITISH COLUMBIA

# ਵਿਧਾਨ ਸਭਾ ਦੇ ਮੈਂਬਰ

ਬ੍ਰਿਟਿਸ਼ ਕੋਲੰਬੀਆ ਦੀਆਂ ਵਿਸ਼ਾਲ ਅਤੇ ਇਤਿਹਾਸਕ ਸੰਸਦੀ ਇਮਾਰਤਾਂ ਵਿੱਚ ਸਾਡੇ ਚੁਣੇ ਹੋਏ ਨੁਮਾਇੰਦੇ - ਜਿਨ੍ਹਾਂ ਨੂੰ ਮੈਂਬਰਜ਼ ਆਫ਼ ਲੈਜਿਸਲੇਟਿਵ ਅਸੈਂਬਲੀ ਜਾਂ ਐੱਮ.ਐੱਲ.ਏ. ਕਿਹਾ ਜਾਂਦਾ ਹੈ - ਬ੍ਰਿਟਿਸ਼ ਕੋਲੰਬੀਆ ਦੇ ਲੋਕਾਂ ਉੱਪਰ ਸਾਸ਼ਨ ਕਰਨ ਵਾਲੇ ਕਾਨੂੰਨਾਂ ਉੱਪਰ ਦਲੀਲਾਂ ਕਰਨ ਅਤੇ ਉਨ੍ਹਾਂ ਕਾਨੂੰਨਾਂ ਨੂੰ ਪਾਸ ਕਰਕੇ ਸਾਡੇ ਸੂਬੇ ਦਾ ਭਵਿੱਖ ਘੜਨ ਲਈ ਇਕੱਠੇ ਹੁੰਦੇ ਹਨ।

ਬ੍ਰਿਟਿਸ਼ ਕੋਲੰਬੀਆ ਨੂੰ 87 ਵਿਧਾਨ ਸਭਾ ਹਲਕਿਆਂ ਜਾਂ ਰਾਈਡਿੰਗਜ਼ ਵਿੱਚ ਵੰਡਿਆ ਗਿਆ ਹੈ। ਹਰ ਹਲਕੇ ਵਿੱਚ ਰਹਿਣ ਵਾਲੇ ਲੋਕਾਂ ਤਰਫੋਂ ਬੋਲਣ ਲਈ ਇੱਕ-ਇੱਕ ਐੱਮ.ਐੱਲ.ਏ. ਦੀ ਚੋਣ ਕੀਤੀ ਜਾਂਦੀ ਹੈ।

## ਐੱਮ.ਐੱਲ.ਏ. ਬਣਨਾ

ਵੋਟਾਂ ਪੈਣ ਵਾਲੇ ਦਿਹਾੜੇ ’ਤੇ 18 ਸਾਲ ਜਾਂ ਇਸ ਤੋਂ ਜ਼ਿਆਦਾ ਉਮਰ ਵਾਲਾ ਕੋਈ ਵੀ ਕੈਨੇਡੀਅਨ ਨਾਗਰਿਕ ਜੋ ਘੱਟੋ-ਘੱਟ ਛੇ ਮਹੀਨੇ ਤੋਂ ਬੀ.ਸੀ. ਵਿੱਚ ਰਹਿ ਰਿਹਾ ਹੈ, ਨੂੰ ਐੱਮ.ਐੱਲ.ਏ. ਦੀ ਚੋਣ ਦੇ ਉਮੀਦਵਾਰ ਵਜੋਂ ਨਾਮਜ਼ਦ ਕੀਤਾ ਜਾ ਸਕਦਾ ਹੈ।

ਸੰਭਾਵੀ ਉਮੀਦਵਾਰ ਨਾਮਜ਼ਦਗੀ ਦੇ ਫ਼ਾਰਮ ਭਰਦੇ ਹਨ ਜਿਸ ਉੱਪਰ ਘੱਟੋ-ਘੱਟ 75 ਵੋਟਰਾਂ ਦੇ ਹਸਤਾਖ਼ਰ ਹੁੰਦੇ ਹਨ ਅਤੇ ਫ਼ਾਰਮ ਵਿੱਚ ਇਹ ਦੱਸਿਆ ਜਾਂਦਾ ਹੈ ਕਿ ਉਹ ਚੋਣਾਂ ਲੜਨ ਦੇ ਯੋਗ ਹਨ ਅਤੇ ਉਹ ਕਿਹੜੀ ਸਿਆਸੀ ਪਾਰਟੀ ਨਾਲ ਜੁੜੇ ਹਨ (ਜੇ ਉਹ ਕਿਸੇ ਪਾਰਟੀ ਨਾਲ ਹੋਣ)। ਕਨੇਡਾ ਵਿੱਚ ਲੋਕ ਕਿਸੇ ਇੱਕ ਹਲਕੇ ਵਿੱਚ ਰਹਿੰਦੇ ਹੋਏ ਕਿਸੇ ਵੱਖਰੇ ਹਲਕੇ ਤੋਂ ਚੋਣਾਂ ਲੜ ਸਕਦੇ ਹਨ, ਇਸ ਲਈ ਉਨ੍ਹਾਂ ਨੂੰ ਦੱਸਣਾ ਪੈਂਦਾ ਹੈ ਕਿ ਉਹ ਕਿਹੜੇ ਹਲਕੇ ਵਿੱਚ ਚੋਣ ਲੜਨ ਦਾ ਇਰਾਦਾ ਰੱਖਦੇ ਹਨ। ਉਨ੍ਹਾਂ ਵੱਲੋਂ ਵਿੱਤੀ ਸਪਸ਼ਟੀਕਰਨ ਦਾ ਚਿੱਠਾ ਜਮ੍ਹਾਂ ਕਰਵਾਉਣਾ ਅਤੇ ਡਿਪਾਜ਼ਿਟ ਦੀ ਰਕਮ ਅਦਾ ਕਰਨੀ ਵੀ ਲਾਜ਼ਮੀ ਹੁੰਦੀ ਹੈ।

### ਸਿਆਸੀ ਪਾਰਟੀਆਂ

ਵਿਧਾਇਕਾਂ ਦੀ ਭਰਤੀ, ਨਾਮਜ਼ਦਗੀ ਅਤੇ ਚੋਣ ਵਿੱਚ ਸਿਆਸੀ ਪਾਰਟੀਆਂ ਮਹੱਤਵਪੂਰਣ ਭੂਮਿਕਾ ਨਿਭਾਉਂਦੀਆਂ ਹਨ। ਕਿਸੇ ਵੀ ਚੋਣ ਦੌਰਾਨ, ਸਿਆਸੀ ਪਾਰਟੀਆਂ ਆਪਣੀ ਪਾਰਟੀ ਦਾ ਚੋਣ ਮਨੋਰਥ ਪੱਤਰ ਜਾਰੀ ਕਰਦੀਆਂ ਹਨ।

ਜਿਹੜੇ ਉਮੀਦਵਾਰ ਆਜ਼ਾਦ ਉਮੀਦਵਾਰ ਵਜੋਂ ਚੋਣ ਲੜਨ ਦੀ ਥਾਂ ਕਿਸੇ ਵਿਸ਼ੇਸ਼ ਪਾਰਟੀ ਦੇ ਮੈਂਬਰ ਵਜੋਂ ਚੋਣ ਲੜਦੇ ਹਨ, ਉਹ ਸਿਹਤ ਸੰਭਾਲ, ਵਿੱਦਿਆ ਅਤੇ ਵਾਤਾਵਰਣ ਵਰਗੇ ਮੁੱਦਿਆਂ ’ਤੇ ਇੱਕਸਾਰ ਵਿਚਾਰ ਰੱਖਦੇ ਹਨ।

## ਚੋਣਾਂ

ਕਨੇਡੀਅਨ ਸੰਵਿਧਾਨ ਮੁਤਾਬਕ ਇਹ ਜ਼ਰੂਰੀ ਹੈ ਕਿ ਸਾਰੇ ਸੂਬੇ ਅਤੇ ਟੈਰੇਟਰੀਆਂ- ਅਤੇ ਫ਼ੈਡਰਲ ਪਾਰਲੀਮੈਂਟ- ਪਿਛਲੀਆਂ ਚੋਣਾਂ ਦੇ ਪੰਜ ਸਾਲਾਂ ਦੇ ਅੰਦਰ-ਅੰਦਰ ਆਮ ਚੋਣਾਂ ਕਰਵਾਉਣ।

ਪਰ, ਬ੍ਰਿਟਿਸ਼ ਕੋਲੰਬੀਆ ਵਿੱਚ ਹਰ ਚਾਰ ਸਾਲਾਂ ਮਗਰੋਂ ਚੋਣਾਂ ਦੀਆਂ ਤਰੀਕਾਂ ਨਿਰਧਾਰਤ ਕੀਤੀਆਂ ਹੋਈਆਂ ਹਨ। ਚੋਣ ਪ੍ਰਕਿਰਿਆ ਉਸ ਸਮੇਂ ਸ਼ੁਰੂ ਹੁੰਦੀ ਹੈ ਜਦੋਂ ਪ੍ਰੀਮੀਅਰ ਦੀ ਸਲਾਹ ‘ਤੇ ਲੈਫਟੀਨੈਂਟ ਗਵਰਨਰ ਵੱਲੋਂ ਵਿਧਾਨ ਸਭਾ ਨੂੰ ਭੰਗ ਕਰ ਦਿੱਤਾ ਜਾਂਦਾ ਹੈ ਅਤੇ ਫਿਰ “ਰਿੱਟਸ ਆਫ ਇਲੈਕਸ਼ਨ” (ਚੋਣ ਜ਼ਾਬਤਾ) ਲਾਗੂ ਕਰ ਦਿੱਤਾ ਜਾਂਦਾ ਹੈ। ਇਸ ਉਪਰੰਤ 28-ਦਿਨ ਲੰਮੀ ਇੱਕ ਮੁਹਿੰਮ ਦੀ ਸ਼ੁਰੂਆਤ ਸ਼ੁਰੂ ਹੁੰਦੀ ਹੈ, ਜਿਸ ਦੇ ਅੰਤ ਵਿੱਚ ਵੋਟਰ ਆਪਣੇ ਐੱਮ.ਐੱਲ.ਏ. ਚੁਣਨ ਲਈ ਵੋਟਾਂ ਪਾਉਂਦੇ ਹਨ। ਜੇਕਰ ਵਿਧਾਨ ਸਭਾ ਵਿੱਚ ਸਰਕਾਰ ਭਰੋਸੇ ਦੇ ਮਤੇ ’ਤੇ ਹਾਰ ਜਾਂਦੀ ਹੈ ਤਾਂ ਨਿਰਧਾਰਤ ਤਾਰੀਖ਼ ਦੀ ਥਾਂ ਆਮ ਚੋਣਾਂ ਛੇਤੀ ਵੀ ਐਲਾਨੀਆਂ ਜਾ ਸਕਦੀਆਂ ਹਨ।

ਚੋਣਾਂ ਵਾਲੇ ਦਿਨ ਜਨਤਾ ਲਈ ਸ਼ੁਰੂਆਤੀ ਨਤੀਜੇ ਜਾਰੀ ਕੀਤੇ ਜਾਂਦੇ ਹਨ, ਪਰ ਚੋਣ ਜ਼ਾਬਤਾ ਲਾਗੂ ਹੋਣ ਮਗਰੋਂ 50ਵੇਂ ਦਿਨ ਤਕ ਰਸਮੀ ਤੌਰ ’ਤੇ ਚੋਣਾਂ ਦਾ ਅੰਤ ਨਹੀਂ ਹੁੰਦਾ। ਮੁੱਖ ਚੋਣ ਅਧਿਕਾਰੀ ਆਖ਼ਰੀ ਨਤੀਜਿਆਂ ਦੀ ਪੁਸ਼ਟੀ ਕਰਦਾ ਹੈ ਅਤੇ ਵਿਧਾਨ ਸਭਾ ਦੇ ਕਲਰਕ ਨੂੰ ਹਰ ਹਲਕੇ ਵਿੱਚੋਂ ਚੁਣੇ ਵਿਧਾਇਕਾਂ ਦੀ ਇੱਕ ਸੂਚੀ ਪੇਸ਼ ਕਰਦਾ ਹੈ। ਇਸ ਨੂੰ “ਰਿੱਟ ਦੀ ਵਾਪਸੀ” (ਚੋਣ ਜ਼ਾਬਤੇ ਦਾ ਅੰਤ) ਕਿਹਾ ਜਾਂਦਾ ਹੈ ਅਤੇ ਇੰਝ ਚੋਣ ਪ੍ਰਕਿਰਿਆ ਸੰਪੂਰਨ ਹੁੰਦੀ ਹੈ।

ਰਸਮੀ ਸਹੁੰ-ਚੁੱਕ ਸਮਾਗਮ ਤੋਂ ਬਾਅਦ ਐੱਮ.ਐੱਲ.ਏ. ਵਿਧਾਨ ਸਭਾ ਵਿੱਚ ਆਪਣੀਆਂ ਸੀਟਾਂ ’ਤੇ ਬੈਠ ਸਕਦੇ ਹਨ।

## ਸਰਕਾਰ

ਸੰਸਦੀ ਲੋਕਤੰਤਰ ਦੀ ਸਾਡੀ ਪ੍ਰਣਾਲੀ ਅਧੀਨ ਵਿਧਾਨ ਸਭਾ ਵਿੱਚ ਸਰਕਾਰ ਨੂੰ ਜ਼ਿਆਦਾਤਰ ਮੈਂਬਰਾਂ ਦਾ ਸਮਰਥਨ ਹਾਸਲ ਹੋਣਾ ਚਾਹੀਦਾ ਹੈ। ਜਦੋਂ ਸੂਬਾਈ ਚੋਣਾਂ ਵਿੱਚ ਇੱਕ ਸਿਆਸੀ ਪਾਰਟੀ ਵਿਧਾਨ ਸਭਾ ਦੀਆਂ ਬਹੁਤੀਆਂ ਸੀਟਾਂ ਜਿੱਤਦੀ ਹੈ ਉਦੋਂ ਬਹੁਮਤ ਵਾਲੀ ਸਰਕਾਰ ਬਣਦੀ ਹੈ। ਸੂਬਾਈ ਚੋਣਾਂ ਵਿੱਚ ਜਦੋਂ ਸੱਤਾਧਾਰੀ ਧਿਰ ਬਹੁਮਤ ਜਿੰਨੀਆਂ ਸੀਟਾਂ ਨਹੀਂ ਜਿੱਤਦੀ, ਪਰ ਵਿਧਾਨ ਸਭਾ ਵਿਚਲੇ ਬਹੁਤੇ ਮੈਂਬਰਾਂ ਦਾ ਸਮਰਥਨ ਬਰਕਰਾਰ ਰੱਖਣ ਵਿੱਚ ਕਾਮਯਾਬ ਰਹਿੰਦੀ ਹੈ, ਉਦੋਂ ਘੱਟ ਗਿਣਤੀ ਸਰਕਾਰ ਬਣਦੀ ਹੈ। ਸਰਕਾਰ ਦਾ ਨੇਤਾ ਪ੍ਰੀਮੀਅਰ ਵਜੋਂ ਜਾਣਿਆ ਜਾਂਦਾ ਹੈ।

ਪ੍ਰੀਮੀਅਰ ਵੱਲੋਂ ਆਪਣੀ ਪਾਰਟੀ ਤੋਂ ਵਿਧਾਇਕਾਂ ਦੇ ਇੱਕ ਛੋਟੇ ਸਮੂਹ ਨੂੰ ਕ੍ਰਾਊਨ ਦੇ ਮੰਤਰੀਆਂ ਦੇ ਰੂਪ ਵਿੱਚ ਕੰਮ ਕਰਨ ਲਈ ਚੁਣਿਆ ਜਾਂਦਾ ਹੈ। ਉਹ ਸਰਕਾਰੀ ਮੰਤਰਾਲਿਆਂ ਦੀਆਂ ਰੋਜ਼ਾਨਾ ਗਤੀਵਿਧੀਆਂ (ਜਿਵੇਂ ਕਿ ਸਿਹਤ ਮੰਤਰਾਲਾ ਜਾਂ ਵਿੱਤ ਮੰਤਰਾਲਾ) ਦੀ ਵਾਗ-ਡੋਰ ਸੰਭਾਲਦੇ ਹਨ ਅਤੇ ਨਵੇਂ ਕਾਨੂੰਨ ਤਜਵੀਜ਼ ਕਰਨ ਲਈ ਜ਼ਿੰਮੇਵਾਰ ਹੁੰਦੇ ਹਨ।

ਪ੍ਰੀਮੀਅਰ ਅਤੇ ਮੰਤਰੀ ਇਕੱਠੇ ਕਾਰਜਕਾਰੀ ਕੌਂਸਲ ਬਣਾਉਂਦੇ ਹਨ, ਜਿਸ ਨੂੰ ਕੈਬਿਨੇਟ ਜਾਂ ਕਾਬੀਨਾ ਵੀ ਕਿਹਾ ਜਾਂਦਾ ਹੈ।

## ਵਿਰੋਧੀ ਧਿਰ

ਵਿਰੋਧੀ ਧਿਰ ਦੀ ਉਹ ਪਾਰਟੀ ਜੋ ਚੋਣਾਂ ਵਿੱਚ ਸਭ ਤੋਂ ਵੱਧ ਸੀਟਾਂ ਜਿੱਤਦੀ ਹੈ ਉਹ ਆਧਿਕਾਰਿਕ ਵਿਰੋਧੀ ਧਿਰ ਬਣ ਜਾਂਦੀ ਹੈ, ਜਿਸ ਨੂੰ ਮਹਾਂਰਾਣੀ ਦੀ ਵਫ਼ਾਦਾਰ ਵਿਰੋਧੀ ਧਿਰ ਕਿਹਾ ਜਾਂਦਾ ਹੈ, ਅਤੇ ਇਸ ਧਿਰ ਨੂੰ ਵਿਸ਼ੇਸ਼ ਅਧਿਕਾਰ ਪ੍ਰਾਪਤ ਹੁੰਦੇ ਹਨ ਅਤੇ ਇਹ ਪਰੰਪਰਾ ਦੁਆਰਾ ਸਥਾਪਤ ਕੀਤੇ ਫ਼ਰਜ਼ਾਂ ਨੂੰ ਪੂਰਾ ਕਰਦੀ ਹੈ। ਵਿਧਾਨ ਸਭਾ ਵਿੱਚ ਇਹ ਧਿਰ ਇੱਕ ਮਹੱਤਵਪੂਰਨ ਅਹੁਦਾ ਰੱਖਦੀ ਹੈ ਅਤੇ ਕੈਬਿਨੇਟ ਦੀ ਨਿਗਰਾਨੀ ਕਰਕੇ ਅਤੇ ਸਰਕਾਰ ਨੂੰ ਚੰਗੀ ਯੋਜਨਾਬੱਧ ਅਤੇ ਉਚਿਤ ਫ਼ੈਸਲੇ ਕਰਨ ਲਈ ਉਤਸ਼ਾਹਿਤ ਕਰਕੇ ਸੰਸਦ ਦੀ ਸਮੁੱਚੀ ਅਸਰਦਾਇਕਤਾ ਵਿੱਚ ਯੋਗਦਾਨ ਪਾਉਂਦੀ ਹੈ।

ਸਰਕਾਰ ਦੀਆਂ ਕਾਰਵਾਈਆਂ ‘ਤੇ ਸਵਾਲ ਉਠਾਉਣੇ ਅਤੇ ਮੌਜੂਦਾ ਸਰਕਾਰੀ ਨੀਤੀਆਂ ਦੇ ਬਦਲ ਪੇਸ਼ ਕਰਨਾ ਰਸਮੀ ਵਿਰੋਧੀ ਧਿਰ ਅਤੇ ਨਾਲ ਹੋਰਨਾ ਛੋਟੀਆਂ ਵਿਰੋਧੀ ਪਾਰਟੀਆਂ ਅਤੇ ਆਜ਼ਾਦ ਵਿਧਾਇਕਾਂ ਦੀ ਮੁੱਖ ਭੂਮਿਕਾ ਹੁੰਦੀ ਹੈ।

### ਚੁਣੇ ਜਾਣ ਤੋਂ ਬਾਅਦ

ਚੁਣੇ ਜਾਣ ਤੋਂ ਬਾਅਦ, ਵਿਧਾਇਕਾਂ ਦੀਆਂ ਆਪੋ-ਆਪਣੇ ਹਲਕਿਆਂ ਅਤੇ ਵਿਧਾਨ ਸਭਾ ਵਿੱਚ, ਦੋਵੇਂ ਪਾਸੇ ਅਨੇਕਾਂ ਜ਼ਿੰਮੇਵਾਰੀਆਂ ਹੁੰਦੀਆਂ ਹਨ। ਉਹ ਇਨ੍ਹਾਂ ਜ਼ਿੰਮੇਵਾਰੀਆਂ ਨੂੰ ਬਹੁਤ ਗੰਭੀਰਤਾ ਨਾਲ ਲੈਂਦੇ ਹਨ ਕਿਉਂਕਿ ਉਹ ਜੋ ਵੀ ਕਰਦੇ ਹਨ ਉਹ ਆਖ਼ਰਕਾਰ ਹਰ ਬ੍ਰਿਟਿਸ਼ ਕੋਲੰਬੀਅਨ ਦੇ ਜੀਵਨ ਨੂੰ ਕਿਸੇ ਨਾ ਕਿਸੇ ਤਰ੍ਹਾਂ ਪ੍ਰਭਾਵਿਤ ਕਰੇਗਾ।

## ਵਿਧਾਨ ਸਭਾ ਵਿੱਚ ਐੱਮ.ਐੱਲ.ਏ.

ਵਿਧਾਇਕ ਆਪਣੇ ਹਲਕੇ (ਆਪਣੇ ਹਲਕਿਆਂ ਵਿੱਚ ਰਹਿੰਦੇ ਲੋਕਾਂ) ਦੀ ਨੁਮਾਇੰਦਗੀ ਕਰਨ ਲਈ ਬਹਿਸ ਦੌਰਾਨ ਸਵਾਲ ਪੁੱਛਦੇ ਹਨ ਅਤੇ ਲੋਕਾਂ ਦੇ ਅਹਿਮ ਮਸਲੇ ਉਠਾਉਂਦੇ ਹਨ।

ਆਪਣੇ ਹਲਕੇ ਦੇ ਲੋਕਾਂ ਤਰਫ਼ੋਂ ਸਰਕਾਰ ਨੂੰ ਕਿਸੇ ਵਿਸ਼ੇਸ਼ ਮੁੱਦੇ ’ਤੇ ਕਾਰਜਸ਼ੀਲ ਹੋਣ ਵਾਸਤੇ ਕਹਿਣ ਲਈ ਪਟੀਸ਼ਨਾਂ ਪੇਸ਼ ਕਰਕੇ ਅਤੇ ਪਬਲਿਕ ਅਤੇ ਪ੍ਰਾਈਵੇਟ, ਦੋਵਾਂ ਕਿਸਮ ਦੇ ਬਿੱਲਾਂ ਨੂੰ ਪੇਸ਼ ਕਰਕੇ ਵੀ ਉਹ ਆਪਣੇ ਹਲਕੇ ਦੇ ਲੋਕਾਂ ਦੀ ਨੁਮਾਇੰਦਗੀ ਕਰਦੇ ਹਨ।

ਆਪਣੇ ਹਲਕੇ ਦੇ ਲੋਕਾਂ ਤਰਫ਼ੋਂ ਸਰਕਾਰ ਨੂੰ ਕਿਸੇ ਵਿਸ਼ੇਸ਼ ਮੁੱਦੇ ’ਤੇ ਕਾਰਜਸ਼ੀਲ ਹੋਣ ਵਾਸਤੇ ਕਹਿਣ ਲਈ ਪਟੀਸ਼ਨਾਂ ਪੇਸ਼ ਕਰਕੇ ਅਤੇ ਪਬਲਿਕ ਅਤੇ ਪ੍ਰਾਈਵੇਟ, ਦੋਵਾਂ ਕਿਸਮ ਦੇ ਬਿੱਲਾਂ ਨੂੰ ਪੇਸ਼ ਕਰਕੇ ਵੀ ਉਹ ਆਪਣੇ ਹਲਕੇ ਦੇ ਲੋਕਾਂ ਦੀ ਨੁਮਾਇੰਦਗੀ ਕਰਦੇ ਹਨ।

- ## ਕਾਨੂੰਨ ਬਣਾਉਣੇ

  ਕੋਈ ਵੀ ਵਿਧਾਇਕ ਇੱਕ ਨਵੇਂ ਕਾਨੂੰਨ (ਜਿਸ ਨੂੰ ਬਿਲ ਕਹਿੰਦੇ ਹਨ) ਦਾ ਪ੍ਰਸਤਾਵ ਰੱਖ ਸਕਦਾ ਹੈ। ਜ਼ਿਆਦਾਤਰ ਬਿਲ ਕੈਬਿਨੇਟ ਮੰਤਰੀਆਂ ਦੁਆਰਾ ਪੇਸ਼ ਕੀਤੇ ਜਾਂਦੇ ਹਨ ਅਤੇ ਉਨ੍ਹਾਂ ਨੂੰ ਜਨਤਕ ਬਿਲ ਕਿਹਾ ਜਾਂਦਾ ਹੈ। ਜਿਹੜਾ ਵਿਧਾਇਕ ਕੈਬਿਨੇਟ ਮੰਤਰੀ ਨਹੀਂ ਹੁੰਦਾ ਉਸ ਵੱਲੋਂ ਪੇਸ਼ ਕੀਤੇ ਗਏ ਬਿਲ ਨੂੰ ਪ੍ਰਾਈਵੇਟ ਮੈਂਬਰ ਦੇ ਹੱਥ ਵਿਚ ਜਨਤਕ ਬਿਲ ਵਜੋਂ ਜਾਣਿਆ ਜਾਂਦਾ ਹੈ। ਵਿਧਾਨ ਸਭਾ ਦੇ ਬਾਹਰ ਕਿਸੇ ਵਿਅਕਤੀ ਜਾਂ ਸਮੂਹ ਦੀ ਤਰਫ਼ੋਂ ਕਿਸੇ ਵਿਧਾਇਕ ਵੱਲੋਂ ਪੇਸ਼ ਕੀਤੇ ਗਏ ਬਿਲ ਨੂੰ ਪ੍ਰਾਈਵੇਟ ਬਿਲ ਕਿਹਾ ਜਾਂਦਾ ਹੈ। ਆਪਣੇ ਸਾਹਮਣੇ ਆਏ ਸਭ ਬਿਲਾਂ ਦਾ ਅਧਿਐਨ ਅਤੇ ਉਨ੍ਹਾਂ ਉੱਪਰ ਬਹਿਸ ਕਰਨੀ ਵਿਧਾਇਕਾਂ ਦੀ ਜ਼ਿੰਮੇਵਾਰੀ ਹੈ। ਜੇ ਜ਼ਿਆਦਾਤਰ ਵਿਧਾਇਕ ਕਿਸੇ ਬਿਲ ਦਾ ਸਮਰਥਨ ਕਰਦੇ ਹਨ ਤਾਂ ਉਹ ਬਿਲ ਵਿਧਾਨ ਸਭਾ ਦਾ ਇੱਕ ਐਕਟ ਬਣ ਜਾਂਦਾ ਹੈ ਜਿਸ ਨੂੰ ਉਂਝ ਕਾਨੂੰਨ ਕਿਹਾ ਜਾਂਦਾ ਹੈ।

- ## ਪੈਸਿਆਂ ਦੀ ਮਨਜ਼ੂਰੀ

  ਵਿਧਾਇਕ ਟੈਕਸਾਂ ਨੂੰ ਮਨਜ਼ੂਰੀ ਦੇਣ ਅਤੇ "ਖ਼ਰਚਿਆਂ ਦੇ ਅਨੁਮਾਨਾਂ" ਉੱਪਰ ਬਹਿਸ ਅਤੇ ਵੋਟਿੰਗ ਲਈ ਵੀ ਜ਼ਿੰਮੇਵਾਰ ਹੁੰਦੇ ਹਨ। "ਖ਼ਰਚਿਆਂ ਦੇ ਅਨੁਮਾਨ" ਉਹ ਪੈਸੇ ਹੁੰਦੇ ਹਨ ਜਿਨ੍ਹਾਂ ਦੀ ਮੰਗ ਹਰ ਬਸੰਤ ਰੁੱਤ ਵਿੱਚ ਸਰਕਾਰੀ ਮੰਤਰਾਲਿਆਂ ਵੱਲੋਂ ਪ੍ਰੋਗਰਾਮਾਂ ਨੂੰ ਫ਼ੰਡ ਦੇਣ ਅਤੇ ਆਉਂਦੇ ਸਾਲ ਲਈ ਸਟਾਫ਼ ਦੀ ਅਦਾਇਗੀ ਲਈ ਕੀਤੀ ਜਾਂਦੀ ਹੈ। ਇਸ ਨੂੰ ਸਪਲਾਈ ਦੇਣਾ ਕਿਹਾ ਜਾਂਦਾ ਹੈ।

- ## ਸਰਕਾਰ ਦਾ ਨਿਰੀਖਣ

  ਹਰ ਸੋਮਵਾਰ ਤੋਂ ਵੀਰਵਾਰ ਤਕ, ਵਿਧਾਇਕ 30-ਮਿੰਟਾਂ ਦੀ ਮਿਆਦ ਦੇ ਜ਼ੋਰਦਾਰ ਪ੍ਰਸ਼ਨ ਕਾਲ ਵਿੱਚ ਹਿੱਸਾ ਲੈਂਦੇ ਹਨ ਜਿਸ ਵਿੱਚ ਤੇਜ਼-ਤੇਜ਼ ਸਵਾਲ ਜਵਾਬ ਹੁੰਦੇ ਹਨ। ਇਹ ਸਮਾਂ ਵਿਰੋਧੀ ਧਿਰ ਦੇ ਮੈਂਬਰਾਂ ਲਈ ਪ੍ਰੀਮੀਅਰ ਅਤੇ ਕੈਬਿਨੇਟ ਮੰਤਰੀਆਂ ਨੂੰ ਸਿੱਧੇ ਤੌਰ 'ਤੇ ਸਰਕਾਰੀ ਯੋਜਨਾਵਾਂ ਅਤੇ ਗਤੀਵਿਧੀਆਂ ਬਾਰੇ ਸਵਾਲ ਕਰਨ ਲਈ ਹੁੰਦਾ ਹੈ।

- ## ਪਾਰਲੀਮਾਨੀ ਕਮੇਟੀ ਦਾ ਕੰਮ

  ਕਮੇਟੀਆਂ ਵਿੱਚ ਸਰਕਾਰ ਅਤੇ ਵਿਰੋਧੀ ਧਿਰ, ਦੋਵਾਂ ਦੇ ਵਿਧਾਇਕ ਹੁੰਦੇ ਹਨ, ਪਰ ਇਨ੍ਹਾਂ ਵਿੱਚ ਆਮ ਤੌਰ 'ਤੇ ਪ੍ਰੀਮੀਅਰ ਜਾਂ ਕੈਬਿਨੇਟ ਮੰਤਰੀ ਸ਼ਾਮਲ ਨਹੀਂ ਹੁੰਦੇ। ਜ਼ਿਆਦਾਤਰ ਵਿਧਾਇਕ ਘੱਟੋ-ਘੱਟ ਇੱਕ ਕਮੇਟੀ ਵਿੱਚ ਬੈਠਦੇ ਹਨ।

# ਆਪੋ-ਆਪਣੇ ਹਲਕਿਆਂ ਵਿੱਚ ਵਿਧਾਇਕ

ਆਪਣੇ ਹਲਕੇ ਦੇ ਲੋਕਾਂ ਨੂੰ ਸਲਾਹ, ਸੇਧ ਅਤੇ ਸਰਕਾਰੀ ਕੰਮਾਂ ਵਿੱਚ ਵਿਹਾਰਕ ਸਹਾਇਤਾ ਪ੍ਰਦਾਨ ਕਰਨ ਲਈ ਵਿਧਾਇਕ ਆਪੋ-ਆਪਣੇ ਹਲਕਿਆਂ ਵਿੱਚ ਸਾਰਾ ਸਾਲ ਇੱਕ ਦਫ਼ਤਰ ਚਲਦਾ ਰੱਖਦੇ ਹਨ।

ਜਦੋਂ ਸਦਨ ਨਹੀਂ ਚੱਲ ਰਿਹਾ ਹੁੰਦਾ, ਉਦੋਂ ਵਿਧਾਇਕ ਆਪਣੇ ਹਲਕੇ ਦੇ ਦਫ਼ਤਰਾਂ ਵਿਚ ਕੰਮ ਕਰਦੇ ਹਨ ਜਾਂ ਵਿਅਕਤੀਆਂ, ਸਥਾਨਕ ਕਾਰੋਬਾਰਾਂ ਅਤੇ ਕਮਿਊਨਿਟੀ ਗਰੁੱਪਾਂ ਨਾਲ ਮਿਲਦੇ ਹਨ।

# ਵਿਧਾਨ ਸਭਾ ਦੇਖਣ ਲਈ ਆਉਣਾ

ਵਿਧਾਨ ਸਭਾ ਦੇਖਣ ਲਈ ਆਉਣ ਵਾਲਿਆਂ ਨੂੰ ਅਸੀਂ ਜੀ ਆਇਆਂ ਨੂੰ ਆਖਦੇ ਹਾਂ। ਸਾਰਾ ਸਾਲ ਸੋਮਵਾਰ ਤੋਂ ਸ਼ੁੱਕਰਵਾਰ, ਅਤੇ ਗਰਮੀਆਂ ਦੇ ਮਹੀਨਿਆਂ ਦੌਰਾਨ ਹਫ਼ਤੇ ਦੇ ਸੱਤੇ ਦਿਨ ਬ੍ਰਿਟਿਸ਼ ਕੋਲੰਬੀਆ ਦੀ ਵਿਧਾਨ ਸਭਾ ਵਿੱਚ ਬ੍ਰਿਟਿਸ਼ ਕੋਲੰਬੀਆ ਦੀ ਵਿਧਾਨ ਸਭਾ ਵਾਲੀਆਂ ਇਮਾਰਤਾਂ ਵਿੱਚ ਮੁਫ਼ਤ ਫੇਰੀਆਂ ਉਪਲਬਧ ਹਨ।

ਜਦੋਂ ਵੀ ਸਦਨ ਦੀ ਬੈਠਕ ਚਲ ਰਹੀ ਹੋਵੇ, ਉਦੋਂ ਵਿਧਾਇਕਾਂ ਨੂੰ ਕੰਮ ਕਰਦਿਆਂ ਦੇਖਣ ਲਈ ਵਿਧਾਨਿਕ ਚੈਂਬਰ ਦੀਆਂ ਜਨਤਕ ਗੈਲਰੀਆਂ ਵਿੱਚ ਸੈਲਾਨੀਆਂ ਦਾ ਸਵਾਗਤ ਹੁੰਦਾ ਹੈ। ਕਿਰਪਾ ਕਰਕੇ ਨੋਟ ਕਰੋ ਕਿ ਪ੍ਰਸ਼ਨ ਕਾਲ – ਹਰ ਸੋਮਵਾਰ ਤੋਂ ਵੀਰਵਾਰ 30-ਮਿੰਟਾਂ ਦੀ ਮਿਆਦ ਵਾਲਾ ਸਮਾਂ ਜਦੋਂ ਵਿਧਾਇਕ ਸਰਕਾਰ ਦੀਆਂ ਗਤੀਵਿਧੀਆਂ ਬਾਰੇ ਸਵਾਲ ਪੁੱਛਦੇ ਹਨ – ਦੌਰਾਨ ਗੈਲਰੀਆਂ ਅਕਸਰ ਭਰੀਆਂ ਹੁੰਦੀਆਂ ਹਨ।

ਵਧੇਰੇ ਜਾਣਕਾਰੀ ਲਈ ਕਿਰਪਾ ਕਰਕੇ www.leg.bc.ca 'ਤੇ ਜਾਓ ਜਾਂ ਸੰਪਰਕ ਕਰੋ:

Parliamentary Education Office
Parliament Buildings
Victoria BC V8V 1X4
250.387.8669
PEO@leg.bc.ca

ਵਿਧਾਨ ਸਭਾ ਦੀਆਂ ਇਮਾਰਤਾਂ ਦੇਖਣ ਆਉਣ ਲਈ, www.leg.bc.ca/tours 'ਤੇ ਜਾਓ ਜਾਂ ਸੰਪਰਕ ਕਰੋ:

Parliamentary Tour Program
Parliament Buildings
Victoria BC V8V 1X4
250.387.3046
Tours@leg.bc.ca

LEGISLATIVE ASSEMBLY
of BRITISH COLUMBIA

www.leg.bc.ca
LegislativeAssemblyBC
BCLegislature

DECEMBER 2017